BRITISH COLUMBIA GURDWARAS COUNCIL

ਓਨਟੇਰੀਓ ਗੁਰਦੁਵਾਰਾਜ਼ ਕਮੇਟੀ ONTARIO GURDWARAS COMMITTEE

ੴ ਸਤਿਗੁਰ ਪ੍ਰਸਾਦਿ
ਰਾਜ ਕਰੇਗਾ ਖਾਲਸਾ
QUEBEC SIKH COUNCILS

ਸਤੰਬਰ ੨੨, ੨੦੨੬

ਸ੍ਰੀ ਅਕਾਲ ਤਖ਼ਤ ਸਾਹਿਬ
ਜਥੇਦਾਰ ਕੁਲਦੀਪ ਸਿੰਘ ਗੜਗੱਜ
ਅੰਮ੍ਰਿਤਸਰ ਸਾਹਿਬ

ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਸਬੰਧੀ ਤੁਰੰਤ ਕਾਰਵਾਈ ਲਈ ਸਾਂਝੀ ਬੇਨਤੀ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਸਤਿਕਾਰਯੋਗ ਜਥੇਦਾਰ ਸਾਹਿਬ ਜੀ,

ਸਾਨੂੰ ਬਹੁਤ ਗੰਭੀਰ ਚਿੰਤਾ ਅਤੇ ਦੁੱਖ ਨਾਲ ਇਹ ਪੱਤਰ ਲਿਖਣਾ ਪੈ ਰਿਹਾ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ੧੩੨ ਸਟਰੀਟ, ਸਰੀ (ਬ੍ਰਿਟਿਸ਼ ਕੋਲੰਬੀਆ) ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੰਭਾਲ, ਸਤਿਕਾਰ ਅਤੇ ਮਰਯਾਦਾ ਸਬੰਧੀ ਲਗਾਤਾਰ ਹੋ ਰਹੀਆਂ ਕੁਤਾਹੀਆਂ ਨੇ ਸਾਰੀ ਕੈਨੇਡਾ ਦੀ ਸੰਗਤ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਜਿਵੇਂ ਕਿ ਤੁਹਾਨੂੰ ਪਤਾ ਹੈ, ਜੂਨ ੨੦੨੬ ਵਿੱਚ ਇਸ ਗੁਰਦੁਆਰਾ ਪ੍ਰਬੰਧਕਾਂ ਨੇ ੨੨੫ ਪਾਵਨ ਸਰੂਪਾਂ ਨੂੰ ਬੱਸ ਰਾਹੀਂ ਇੱਕ ਸ਼ਿਪਿੰਗ ਕੰਟੇਨਰ ਵਿੱਚ ਲੋਡ ਕਰਕੇ ਕੈਨੇਡਾ ਮੰਗਵਾਇਆ, ਜਿਸ ਦੌਰਾਨ ਨਾ ਕੋਈ ਪੰਜ ਸਿੰਘ ਸੇਵਾ ਲਈ ਮੌਜੂਦ ਸਨ, ਨਾ ਹੀ ਪਾਵਨ ਸਰੂਪਾਂ ਦੀ ਮਰਯਾਦਾ ਅਨੁਸਾਰ ਸੰਭਾਲ ਕੀਤੀ ਗਈ। ਮਹੀਨਿਆਂ ਤੱਕ ਸਮੁੰਦਰ ਵਿੱਚ ਕੰਟੇਨਰ ਵਿੱਚ ਬਿਨਾ ਸਤਿਕਾਰ ਦੇ ਰੱਖੇ ਜਾਣ ਕਾਰਨ ਸੰਗਤਾਂ ਦੇ ਹਿਰਦੇ ਦੁਖੀ ਹੋਏ ਅਤੇ ਸਾਰੀ ਦੁਨੀਆ ਵਿੱਚ ਸਿੱਖ ਕੌਮ ਨੇ ਇਸ ਘੋਰ ਲਾਪਰਵਾਹੀ ਦੀ ਨਿੰਦਾ ਕੀਤੀ।

ਉਸ ਵੇਲੇ ਸਾਡੇ ਤਿੰਨਾਂ ਸੂਬਾਈ ਸਿੱਖ ਸੰਸਥਾਵਾਂ—ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ, ਓਨਟਾਰੀਓ ਗੁਰਦੁਆਰਾ ਕਮੇਟੀ ਅਤੇ ਕਿਊਬੈਕ ਸਿੱਖ ਕੌਂਸਲ—ਵੱਲੋਂ ਵੀ ਇਸ ਸਬੰਧੀ ਜਨਤਕ ਬਿਆਨ ਜਾਰੀ ਕੀਤੇ ਗਏ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਰੂਪ ਵਿੱਚ ਕਾਰਵਾਈ ਦੀ ਬੇਨਤੀ ਕੀਤੀ ਗਈ ਸੀ। ਪਰ ਦੁੱਖ ਦੀ ਗੱਲ ਹੈ ਕਿ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਸਪਸ਼ਟ ਫ਼ੈਸਲਾ ਜਾਂ ਕਾਰਵਾਈ ਸਾਹਮਣੇ ਨਹੀਂ ਆਈ।

ਹੁਣ ੨੦ ਸਤੰਬਰ ੨੦੨੬ ਨੂੰ ਇੱਕ ਹੋਰ ਵੀਡੀਓ ਸਾਹਮਣੇ ਆਈ ਜਿਸ ਨੇ ਸੰਗਤ ਦੇ ਦੁੱਖ ਅਤੇ ਰੋਸ ਨੂੰ ਹੋਰ ਵਧਾ ਦਿੱਤਾ। ਵੀਡੀਓ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਇੱਕ ਕੰਮ ਵਾਲੀ ਵੈਨ ਦੇ ਪਿਛਲੇ ਹਿੱਸੇ ਵਿੱਚ ਨੀਵਾਂ ਗੱਦਾ ਵਿਛਾ ਕੇ, ਜਿੱਥੇ ਜੁੱਤੀਆਂ, ਖਾਣ-ਪੀਣ ਦੀਆਂ ਵਸਤਾਂ, ਕੂੜਾ-ਕਰਕਟ ਅਤੇ ਹੋਰ ਸਮਾਨ ਵੀ ਮੌਜੂਦ ਸੀ, ਲਿਜਾਇਆ ਜਾ ਰਿਹਾ ਸੀ। ਜਾਣਕਾਰੀ ਅਨੁਸਾਰ ਇਹ ਸਰੂਪ ਅਮਰੀਕਾ ਅਤੇ ਕੈਨੇਡਾ ਦੇ ਹੋਰ ਸ਼ਹਿਰਾਂ—ਜਿਵੇਂ ਟੋਰਾਂਟੋ—ਵੱਲ ਭੇਜੇ ਜਾ ਰਹੇ ਸਨ। ਪਹਿਲਾਂ ਕੰਟੇਨਰ ਰਾਹੀਂ ਪਾਵਨ ਸਰੂਪਾਂ ਦੀ ਅਦਬ-ਸਤਿਕਾਰ ਤੋਂ ਬਿਨਾ ਆਮਦ ਅਤੇ ਹੁਣ ਗੰਦੇ ਵੈਨਾਂ ਵਿੱਚ ਬੇਅਦਬੀ ਵਾਲੇ ਢੰਗ ਨਾਲ ਲਿਜਾਣਾ। ਇਹ ਸਿੱਖ ਰਹਿਤ ਮਰਯਾਦਾ ਦੀ ਸਪਸ਼ਟ ਉਲੰਘਣਾ ਹੈ ਅਤੇ ਸਾਰੀ ਕੌਮ ਦੀ ਭਾਵਨਾ ਨੂੰ ਚੋਟ ਪਹੁੰਚਾਉਂਦੀ ਹੈ।

੨੧ ਸਤੰਬਰ ੨੦੨੬ ਨੂੰ ਸਰੀ ਵਿੱਚ ਭਾਰੀ ਸੰਗਤੀ ਇਕੱਠ ਹੋਇਆ, ਜਿਸ ਵਿੱਚ ਸੰਗਤ ਨੇ ਹੇਠ ਲਿਖੀਆਂ ਮੰਗਾਂ ਰੱਖੀਆਂ ਅਤੇ ਸਾਡੀਆਂ ਤਿੰਨਾਂ ਸੰਸਥਾਵਾਂ—ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ, ਓਨਟਾਰੀਓ ਗੁਰਦੁਆਰਾ ਕਮੇਟੀ ਅਤੇ ਕਿਊਬੈਕ ਸਿੱਖ ਕੌਂਸਲ—ਸਰੀ ਦੀ ਸਥਾਨਕ ਸੰਗਤ ਵੱਲੋਂ ਉਠਾਈਆਂ ਮੰਗਾਂ ਅਤੇ ਚਿੰਤਾਵਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਅਤੇ ਉਨ੍ਹਾਂ ਦਾ ਪੂਰਾ

ਸਮਰਥਨ ਕਰਦੀਆਂ ਹਨ ਅਤੇ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਸਾਰੀ ਜਾਣਕਾਰੀ ਸੰਗਤ ਸਾਹਮਣੇ ਪਾਰਦਰਸ਼ੀ ਢੰਗ ਨਾਲ ਰੱਖੀ ਜਾਵੇ।

੧. ੨੨੫ ਪਾਵਨ ਸਰੂਪਾਂ ਦੀ ਪੂਰੀ, ਤਸਦੀਕਯੋਗ ਜਾਣਕਾਰੀ ਜਾਰੀ ਕੀਤੀ ਜਾਵੇ—ਕਿਹੜੇ ਸਰੂਪ ਕਿੱਥੇ ਭੇਜੇ ਗਏ, ਕਿੰਨੇ ਗੁਰਦੁਆਰਾ ਸਾਹਿਬ ਵਿੱਚ ਹਨ ਅਤੇ ਬਾਕੀ ਕਿੱਥੇ ਭੇਜੇ ਜਾਣੇ ਹਨ।

੨. ਬਾਕੀ ਸਾਰੇ ਪਾਵਨ ਸਰੂਪ ਸੰਗਤ ਵੱਲੋਂ ਨਿਰਧਾਰਤ ਸੰਗਤੀ ਗੁਰਦੁਆਰਾ ਸਾਹਿਬਾਨ ਨੂੰ ਸੌਂਪੇ ਜਾਣ, ਜਿੱਥੇ ਪੂਰੀ ਮਰਯਾਦਾ ਅਤੇ ਸਤਿਕਾਰ ਨਾਲ ਸੰਭਾਲ ਹੋ ਸਕੇ।

੩. ਸਮੂਹ ਪ੍ਰਬੰਧਕ ਕਮੇਟੀ, ਗ੍ਰੰਥੀ ਸਿੰਘ ਅਤੇ ਜ਼ਿੰਮੇਵਾਰ ਸੇਵਾਦਾਰ ਸੰਗਤ ਸਾਹਮਣੇ ਖੁੱਲ੍ਹੇ ਤੌਰ 'ਤੇ ਮੁਆਫ਼ੀ ਮੰਗਣ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਅਤੇ ਸੇਵਾਦਾਰਾਂ ਵੱਲੋਂ ਪੇਸ਼ ਕੀਤਾ ਗਿਆ ਮੁਆਫ਼ੀਨਾਮਾ ਅਧੂਰਾ ਹੈ ਅਤੇ ਇਹ ਸਮੁੱਚੀ ਸਥਿਤੀ ਦੀ ਅਸਲੀਅਤ ਨੂੰ ਬਿਆਨ ਨਹੀਂ ਕਰਦਾ। ਇਸ ਲਈ ਉਪਰੋਕਤ ਤਿੰਨੋਂ ਨੁਕਤੇ ਅਜੇ ਵੀ ਪੂਰੇ ਕੀਤੇ ਜਾਣੇ ਬਾਕੀ ਹਨ। ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਉਹ ਤੁਰੰਤ ਦਖ਼ਲ ਦੇਣ ਅਤੇ ਇਹ ਯਕੀਨੀ ਬਣਾਉਣ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਉਚਿਤ ਸੇਵਾ-ਸੰਭਾਲ ਕੀਤੀ ਜਾਵੇ, ਤਾਂ ਜੋ ਸਥਾਨਕ ਪੱਧਰ 'ਤੇ ਲੋਕਾਂ ਦੀਆਂ ਭਾਵਨਾਵਾਂ ਬਹੁਤ ਜ਼ਿਆਦਾ ਭੜਕਣ ਤੋਂ ਬਚੀਆਂ ਰਹਿਣ—ਕਿਉਂਕਿ ਇਸ ਗੰਭੀਰ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਮੂਲੀਅਤ ਨਾਲ ਹੀ ਅਜਿਹਾ ਸੰਭਵ ਹੋ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜੀਵਨ ਦਾ ਕੇਂਦਰ ਹਨ। ਉਨ੍ਹਾਂ ਦੇ ਪਾਵਨ ਸਰੂਪਾਂ ਦੀ ਬੇਅਦਬੀ ਸਾਡੀ ਰੂਹ ਨੂੰ ਚੀਰ ਦੇਂਦੀ ਹੈ। ਸਿੱਖ ਕੌਮ ਕਦੇ ਵੀ ਅਜਿਹੀ ਲਾਪਰਵਾਹੀ ਬਰਦਾਸ਼ਤ ਨਹੀਂ ਕਰ ਸਕਦੀ। ਸਾਡੀ ਬੇਨਤੀ ਹੈ ਕਿ ਤੁਸੀਂ ਤੁਰੰਤ ਅਤੇ ਸਪਸ਼ਟ ਕਾਰਵਾਈ ਕਰਕੇ ਸੰਗਤ ਦੇ ਵਿਸ਼ਵਾਸ ਨੂੰ ਮਜ਼ਬੂਤ ਕਰੋ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਨਿਰਦੇਸ਼ ਜਾਰੀ ਕਰੋ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅਕਾਲ ਸਹਾਇ।


| | | |
|---|---|---|
| ਭਾਈ ਮੋਨਿੰਦਰ ਸਿੰਘ | ਭਾਈ ਅਮਰਜੀਤ ਸਿੰਘ ਮਾਨ | ਭਾਈ ਸੰਤੋਖ ਸਿੰਘ ਖੇਲਾ |
| ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ | ਓਂਟਾਰੀਓ ਗੁਰਦੁਆਰਾ ਕਮੇਟੀ | ਕਿਊਬੈਕ ਸਿੱਖ ਕੌਂਸਲ |